Punjabi - Number 21
March 2021

# ਮੱਲ-ਜਲ ਨਿਪਟਾਉਣ ਵਾਲੀਆਂ ਆਨਸਾਈਟ ਪ੍ਰਣਾਲੀਆਂ ਦੀ ਦੇਖਭਾਲ ਅਤੇ ਸੰਚਾਲਨ
# Maintenance and Operation of Onsite Sewage Systems

## ਮੱਲ-ਜਲ ਨਿਪਟਾਉਣ ਵਾਲੀਆਂ ਆਨਸਾਈਟ ਪ੍ਰਣਾਲੀਆਂ ਕਦੋਂ ਵਰਤੀਆਂ ਜਾਂਦੀਆਂ ਹਨ?

ਮਿਉਂਸੀਪਲ ਜਾਂ ਸਿਟੀ ਦੀ ਮੱਲ-ਜਲ (ਸੁਏਜ – sewage) ਪ੍ਰਣਾਲੀ ਦੇ ਨਾਲ ਨਾ ਜੁੜੇ ਹੋਏ ਕਿਸੇ ਵੀ ਘਰ ਜਾਂ ਦੂਸਰੀ ਇਮਾਰਤ ਨੂੰ ਮਨੁੱਖੀ ਗੰਦ (ਮਲ ਅਤੇ ਪੇਸ਼ਾਬ) ਦੇ ਨਿਪਟਾਰੇ ਲਈ ਕਿਸੇ ਤਰੀਕੇ ਦੀ ਲੋੜ ਹੁੰਦੀ ਹੈ। ਮਿਉਂਸੀਪਲ (ਕੇਂਦਰਿਤ) ਟ੍ਰੀਟਮੈਂਟ ਪਲਾਂਟ ਵਲੋਂ ਸੇਵਾ ਨਾ ਮੁਹੱਈਆ ਕੀਤੀਆਂ ਜਾਣ ਵਾਲੀਆਂ ਸਾਰੀਆਂ ਇਮਾਰਤਾਂ ਨੂੰ ਉਨ੍ਹਾਂ ਦੀ ਸਾਇਟ ਤੇ (ਆਨਸਾਈਟ) ਮੱਲ-ਜਲ ਨਿਪਟਾਉਣ ਵਾਲੀ ਪ੍ਰਣਾਲੀ ਦੀ ਲੋੜ ਹੁੰਦੀ ਹੈ। ਇਸ ਦੀ ਸਹੀ ਢੰਗ ਨਾਲ ਡਿਜ਼ਾਇਨ ਕੀਤੇ ਅਤੇ ਸਥਾਨਕ ਜਨਤਕ ਸਿਹਤ ਅਥਾਰਿਟੀ ਦੇ ਨਾਲ ਦਰਜ ਕੀਤੇ ਹੋਣ ਦੀ ਲੋੜ ਹੁੰਦੀ ਹੈ।

ਮੱਲ-ਜਲ ਦਾ ਨਿਪਟਾਰਾ ਕਰਨ ਵਾਲੀ ਇੱਕ ਆਮ ਆਨਸਾਈਟ ਪ੍ਰਣਾਲੀ ਦੇ 2 ਮੁੱਖ ਭਾਗ ਹੁੰਦੇ ਹਨ:

- ਸੈਪਟਿਕ ਟੈਂਕ – ਜਿਸਦੇ ਵਿੱਚ ਇੱਕ ਟ੍ਰੀਟਮੈਂਟ ਪਲਾਂਟ ਵੀ ਸ਼ਾਮਲ ਹੋ ਸਕਦਾ ਹੈ
- ਵਿਸਰਜਨ ਖੇਤਰ (dispersal area), ਜੋ ਆਮਤੌਰ ਤੇ ਭੂਮੀਗਤ ਪਾਇਪਾਂ ਜਾਂ ਕੋਠਰੀਆਂ ਦੀ ਲੜੀ ਹੁੰਦਾ ਹੈ। ਉਹ ਅੰਸਕ ਰੂਪ ਨਾਲ ਉਪਚਾਰ ਕੀਤੇ ਗਏ ਦ੍ਰਵ ਨੂੰ ਆਖਰੀ ਉਪਚਾਰ ਲਈ ਜ਼ਮੀਨ ਵਿੱਚ ਸਮਾਨਤਾ ਨਾਲ ਫੈਲਾਉਂਦੀਆਂ ਹਨ

## ਇੱਕ ਸੈਪਟਿਕ ਟੈਂਕ ਜਾਂ ਟ੍ਰੀਟਮੈਂਟ ਪਲਾਂਟ ਕਿਵੇਂ ਕੰਮ ਕਰਦਾ ਹੈ?

### ਸੈਪਟਿਕ ਟੈਂਕ

ਸੈਪਟਿਕ ਟੈਂਕ ਮਨੁੱਖੀ ਗੰਦ ਨੂੰ ਪ੍ਰਾਪਤ ਕਰਨ, ਉਸਦਾ ਉਪਚਾਰ ਕਰਨ ਅਤੇ ਉਸਨੂੰ ਥਲੇ ਬਿਠਾਉਣ ਵਾਸਤੇ ਵਰਤਿਆ ਜਾਣ ਵਾਲਾ ਇੱਕ ਅਜਿਹਾ ਭੂਮੀਗਤ ਟੈਂਕ ਹੈ ਜਿਸ ਵਿੱਚ ਪਾਣੀ ਬਿਲਕੁਲ ਵੀ ਨਹੀਂ ਵੜ ਸਕਦਾ। ਠੋਸ ਚੀਜ਼ਾਂ ਟੈਂਕ ਦੇ ਤਲ ਤੇ ਬੈਠ ਜਾਂਦੀਆਂ ਹਨ ਅਤੇ ਚਿਕੱੜ (sludge) ਬਣ ਜਾਂਦੀਆਂ ਹਨ। ਤੇਲ ਅਤੇ ਦੂਸਰੇ ਹਲਕੇ ਪਦਾਰਥ ਤੈਰ ਕੇ ਸਤਹ ਤੱਕ ਆ ਕੇ ਕੂੜ (scum) ਦੀ ਇੱਕ ਪਰਤ ਬਣਾ ਲੈਂਦੇ ਹਨ। ਟੈਂਕ ਦੇ ਅੰਦਰ, ਐਨੇਰੋਬਿਕ ਬੈਕਟੀਰੀਆ, ਜੋ ਅਜਿਹੇ ਬੈਕਟੀਰੀਆ ਹੁੰਦੇ ਹਨ ਜਿੰਨਾਂ ਨੂੰ ਔਕਸੀਜਨ ਦੀ ਲੋੜ ਨਹੀਂ ਹੁੰਦੀ, ਠੋਸ ਕਚਰੇ ਨੂੰ ਵੱਖ ਵੱਖ ਤੱਤਾਂ ਵਿੱਚ ਬਦਲ ਦਿੰਦੇ ਹਨ।

ਜਦੋਂ ਸੈਪਟਿਕ ਟੈਂਕ ਸਹੀ ਢੰਗ ਨਾਲ ਕੰਮ ਕਰ ਰਿਹਾ ਹੁੰਦਾ ਹੈ, ਤਾਂ ਇਹ ਬੈਕਟੀਰੀਆ ਠੋਸ ਚੀਜ਼ਾਂ ਨੂੰ 50 ਤੋਂ 60 ਪ੍ਰਤੀਸ਼ਤ ਤੱਕ ਘਟਾ ਸਕਦੇ ਹਨ। ਟੈਂਕ ਦੇ ਤਲ ਦੇ ਚਿਕੱੜ ਅਤੇ ਉਪਰਲੇ ਗੰਦ ਦੇ ਵਿਚਲਾ ਦ੍ਰਵ ਟੈਂਕ ਵਿੱਚੋਂ ਵਗ ਕੇ ਵਿਸਰਜਨ ਖੇਤਰ ਵਿੱਚ ਚਲਾ ਜਾਂਦਾ ਹੈ। ਹੋਰ ਜ਼ਿਆਦਾ ਉਪਚਾਰ, ਜ਼ਮੀਨ ਵਿਚਲੇ ਵਾਟਰ ਟੇਬਲ ਵਿੱਚ ਵੜਨ ਤੋਂ ਪਹਿਲਾਂ ਮਿੱਟੀ ਦੇ ਵਿੱਚ ਵਾਪਰਦਾ ਹੈ।

ਸੈਪਟਿਕ ਟੈਂਕ ਵਿੱਚ ਰਹਿ ਜਾਣ ਵਾਲੇ ਚਿਕੱੜ ਅਤੇ ਸਤਹਾਂ ਦੇ ਤੇਲਾਂ ਨੂੰ ਨਿਯਮਿਤ ਤੌਰ ਤੇ (ਆਮਤੌਰ ਤੇ ਹਰ 2 ਤੋਂ 3 ਸਾਲ) ਪੰਪ ਕਰਕੇ ਬਾਹਰ ਕੱਢਣ ਦੀ ਲੋੜ ਹੁੰਦੀ ਹੈ। ਇੱਕ ਅਧਿਕਾਰ ਪ੍ਰਾਪਤ ਵਿਅਕਤੀ ਜੋ ਸੈਪਟਿਕ ਸਿਸਟਮ ਪੰਪ ਆਉਟ ਕਰਨ ਵਾਲਾ ਠੇਕੇਦਾਰ ਹੈ ਇਹ ਦੇਖਭਾਲ ਕਰ ਸਕਦਾ ਹੈ।

### ਟ੍ਰੀਟਮੈਂਟ ਪਲਾਂਟ

ਇੱਕ ਆਮ ਟ੍ਰੀਟਮੈਂਟ ਪਲਾਂਟ ਗੰਦ ਨੂੰ ਵੱਖ ਵੱਖ ਤੱਤਾਂ ਵਿੱਚ ਬਦਲਣ ਅਤੇ ਉਸਦੇ ਉਪਚਾਰ ਲਈ ਹਵਾ ਦੀ ਵਰਤੋਂ ਕਰਦਾ ਹੈ। ਵਗ ਕੇ ਟ੍ਰੀਟਮੈਂਟ ਪਲਾਂਟ ਵਿੱਚ ਆਉਣ ਤੋਂ ਪਹਿਲਾਂ ਸੈਪਟਿਕ ਟੈਂਕ ਵਿਚ ਗੰਦ ਦਾ ਉਪਚਾਰ ਕੀਤਾ ਜਾਂਦਾ ਹੈ। ਇੱਕ ਟ੍ਰੀਟਮੈਂਟ ਪਲਾਂਟ ਤਰਲ ਕਚਰੇ ਨੂੰ ਉੱਚ ਗੁਣਵੱਤਾ ਤੱਕ ਸਾਫ ਕਰਦਾ ਹੈ, ਤਾਂ ਕਿ ਉਹ ਵਿਸਰਜਨ ਖੇਤਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਇੱਕ ਆਮ ਸੈਪਟਿਕ ਟੈਂਕ ਤੋਂ ਨਿਕਲਣ ਵਾਲੇ ਨਿਕਾਸ ਤੋਂ ਜਿਆਦਾ ਸਾਫ ਅਤੇ ਸੁਰੱਖਿਅਤ ਹੋਏ। ਇਹ ਛੋਟਾ ਵਿਸਰਜਨ ਖੇਤਰ ਵੀ ਉਤਪੰਨ ਕਰਦਾ ਹੈ।

## ਮੱਲ-ਜਲ ਨਿਪਟਾਉਣ ਵਾਲੀ ਆਨਸਾਈਟ ਪ੍ਰਣਾਲੀ ਕਿਵੇਂ ਲਗਾ ਸਕਦਾ/ਦੀ ਹਾਂ?

ਨਵੇਂ ਸੈਪਟਿਕ ਟੈਂਕ ਦਾ ਨਿਰਮਾਣ ਕਰਨ ਵਾਲੇ ਜਾਂ ਮੌਜੂਦਾ ਸੈਪਟਿਕ ਟੈਂਕ ਨੂੰ ਬਦਲਣ ਜਾਂ ਉਸ ਦੀ ਮਰੰਮਤ ਕਰਨ ਵਾਲੇ ਹਰੇਕ ਮਾਲਕ ਲਈ ਅਜਿਹਾ ਪਬਲਿਕ ਹੈਲਥ ਐਕਟ ਅਤੇ ਸੀਵਰੇਜ ਸਿਸਟਮ ਰੈਗੂਲੇਸ਼ਨ ਦੇ ਅਨੁਸਾਰ ਕਰਨਾ ਜ਼ਰੂਰੀ ਹੈ। ਹੋਰ ਜਾਣਕਾਰੀ ਲਈ, www2.gov.bc.ca/gov/content/environment/waste-management/sewage/onsite-sewage-systems ਤੇ ਮਨਿਸਟਰੀ ਆਫ ਹੈਲਥ, ਆਨਸਾਇਟ ਸੀਵਰੇਜ ਸਿਸਟਮਜ਼ ਤੇ ਜਾਓ।

ਮਾਲਕ ਲਈ ਇੱਕ ਮੱਲ-ਜਲ ਨਿਪਟਾਉਣ ਵਾਲੀ ਪ੍ਰਣਾਲੀ ਦਾ ਨਿਰਮਾਣ ਕਰਨ, ਉਸ ਨੂੰ ਬਦਲਣ ਜਾਂ ਉਸ ਦੀ ਮਰੰਮਤ ਕਰਨ ਲਈ ਇੱਕ ਅਧਿਕਾਰ ਪ੍ਰਾਪਤ ਵਿਅਕਤੀ (AP) ਦੀਆਂ ਸੇਵਾਵਾਂ ਵਰਤਣਾ ਜ਼ਰੂਰੀ ਹੈ। APਆਂ ਵਿੱਚ ਪੇਸ਼ੇਵਰ ਇੰਜੀਨੀਅਰ ਅਤੇ ਰਜਿਸਟਰਡ ਆਨਸਾਇਟ ਵੇਸਟਵੌਟਰ ਪ੍ਰੈਕਟੀਸ਼ਨਰ (ROWPs) ਸ਼ਾਮਲ ਹੁੰਦੇ ਹਨ। ROWPs ਦੇ 4 ਵਰਗ ਹਨ: ਯੋਜਨਾ ਬਣਾਉਣ ਵਾਲਾ (ਪਲੈਨਰ), ਲਗਾਉਣ ਵਾਲਾ (ਇੰਸਟੌਲਰ) ਅਤੇ ਦੇਖਭਾਲ ਦਾ ਪ੍ਰਬੰਧ ਕਰਨ ਵਾਲਾ (ਮੈਂਟੇਨੈਂਸ ਪ੍ਰੋਵਾਈਡਰ) ਅਤੇ ਪ੍ਰਾਈਵੇਟ ਇੰਸਪੈਕਟਰ। ਇੱਕ ਵਿਅਕਤੀ 1 ਤੋਂ ਜ਼ਿਆਦਾ ਵਰਗ ਵਿੱਚ ਰਜਿਸਟਰਡ ਹੋ ਸਕਦਾ ਹੈ ਅਤੇ ਕਈ ਸੇਵਾਵਾਂ ਮੁਹੱਈਆ ਕਰ ਸਕਦਾ ਹੈ। ਅਧਿਕਾਰ ਪ੍ਰਾਪਤ ਵਿਅਕਤੀ ਮਾਲਕ ਦੀਆਂ ਲੋੜਾਂ ਅਤੇ ਮੱਲ-ਜਲ ਦੇ ਉਪਚਾਰ ਅਤੇ ਵਿਸਰਜਨ ਲਈ ਜਮੀਨ ਦੀ ਕਾਬਲੀਅਤ ਦੋਵਾਂ ਦਾ ਮੁਲਾਂਕਣ ਕਰਦਾ ਹੈ। ਉਸ ਤੋਂ ਬਾਅਦ ਉਹ ਉਨ੍ਹਾਂ ਲੋੜਾਂ ਨੂੰ ਪੂਰਾ ਕਰਦੀ ਹੋਈ ਮੱਲ-ਜਲ ਨਿਪਟਾਉਣ ਵਾਲੀ ਆਨਸਾਈਟ ਪ੍ਰਣਾਲੀ ਦੀ ਯੋਜਨਾ ਬਣਾਏਗਾ।

ਯੋਜਨਾ ਦੇ ਸਿਹਤ ਸੰਬੰਧੀ ਅਧਿਕਾਰੀਆਂ ਨਾਲ ਦਰਜ ਕਰਵਾਏ ਜਾਣ ਤੋਂ ਬਾਅਦ, ਇੱਕ AP ਯੋਜਨਾ ਦੇ ਮੁਤਾਬਕ ਪ੍ਰਣਾਲੀ ਨੂੰ ਲਗਾਉਂਦਾ ਹੈ। ਜਦੋਂ ਲਗਾਉਣ ਦਾ ਕੰਮ ਪੂਰਾ ਹੋ ਜਾਂਦਾ ਹੈ, ਤਾਂ AP ਇਹ ਪ੍ਰਮਾਣਿਤ ਕਰਦਾ ਹੈ ਕਿ ਪ੍ਰਣਾਲੀ ਯੋਜਨਾ ਦੇ ਮੁਤਾਬਕ ਲਗਾਈ ਗਈ ਹੈ। ਉਹ ਦੇਖਭਾਲ ਦੀ ਯੋਜਨਾ ਅਤੇ ਪ੍ਰਣਾਲੀ ਦੇ ਹਿੱਸਿਆਂ ਦੀ 'ਜਿਵੇਂ ਨਿਰਮਿਤ ਕੀਤਾ ਗਿਆ' ('as-constructed') ਡਰਾਇੰਗ ਵੀ ਮੁਹੱਈਆ ਕਰਨਗੇ। ਮਾਲਕ ਅਤੇ ਸਿਹਤ ਅਥਾਰਟੀ ਦੋਵੇਂ ਕਾਪੀਆਂ ਪ੍ਰਾਪਤ ਕਰਨਗੇ।

## ਮੱਲ-ਜਲ ਨਿਪਟਾਉਣ ਵਾਲੀ ਆਨਸਾਈਟ ਪ੍ਰਣਾਲੀ ਦੀ ਦੇਖਭਾਲ ਅਤੇ ਸਰਵਿਸ ਕਿਵੇਂ ਕੀਤੀ ਜਾਂਦੀ ਹੈ?

ਮੱਲ-ਜਲ ਦਾ ਨਿਪਟਾਰਾ ਕਰਨ ਵਾਲੀ ਪ੍ਰਣਾਲੀ ਦੇ ਇੱਕ ਵਾਰੀ ਕੰਮ ਕਰਨਾ ਸ਼ੁਰੂ ਕਰਨ ਤੋਂ ਬਾਅਦ, ਘਰ ਦੇ ਮਾਲਕ ਦੇਖਭਾਲ ਦੀ ਯੋਜਨਾ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹਨ। ਘਰ ਦੇ ਮਾਲਕਾਂ ਲਈ ਇੱਕ ਯੋਗ ਦੇਖਭਾਲ ਪ੍ਰਦਾਤਾ (ROWP) ਦੀਆਂ ਸੇਵਾਵਾਂ ਵਰਤਣਾ ਜ਼ਰੂਰੀ ਹੈ।ਅਨੁਚਿਤ ਜਾਂ ਨਾਕਾਫੀ ਦੇਖਭਾਲ ਦਾ ਨਤੀਜਾ ਸਿਸਟਮ ਦਾ ਫੇਲ੍ਹ ਹੋਣਾ ਹੋ ਸਕਦਾ ਹੈ, ਅਤੇ ਮਹਿੰਗੀ ਮਰੰਮਤ ਜਾਂ ਪ੍ਰਣਾਲੀ ਨੂੰ ਬਦਲਣ ਦੀ ਲੋੜ ਪੈ ਸਕਦੀ ਹੈ।ਇੱਕ ਫੇਲ੍ਹ ਹੋ ਰਹੀ ਮੱਲ-ਜਲ ਨਿਪਟਾਉਣ ਵਾਲੀ ਪ੍ਰਣਾਲੀ ਪੀਣ ਦੇ ਪਾਣੀ ਦੇ ਸਥਾਨਕ ਸ੍ਰੋਤਾਂ ਨੂੰ ਦੂਸ਼ਿਤ ਵੀ ਕਰ ਸਕਦੀ ਹੈ।ਇਸ ਦੂਸ਼ਣ ਕਰਕੇ ਲੋਕਾਂ ਵਿੱਚ ਗੰਭੀਰ ਬਿਮਾਰੀ ਹੋ ਸਕਦੀ ਹੈ।

ਮੱਲ-ਜਲ ਦਾ ਨਿਪਟਾਰਾ ਕਰਨ ਵਾਲੀ ਪ੍ਰਣਾਲੀ ਦੇ ਸਾਰੇ ਹਿੱਸਿਆਂ ਦਾ ਸਥਾਨ ਦਿਖਾਉਂਦੀ ਹੋਈ ਇੱਕ ਸਹੀ ਡਰਾਇੰਗ ਦਾ ਹੋਣਾ ਮਹੱਤਵਪੂਰਨ ਹੈ।ਇਸ ਤਰ੍ਹਾਂ ਤੁਸੀਂ ਅਤੇ ਤੁਹਾਡਾ ਦੇਖਭਾਲ ਦਾ ਪ੍ਰਬੰਧ ਕਰਨ ਵਾਲਾ (ਮੈਂਟੇਨੈਂਸ ਪ੍ਰੋਵਾਈਡਰ) ਡਰਾਇੰਗ ਦੇ ਅਧਾਰ ਤੇ ਜਾਣਕਾਰੀ ਲੱਭ ਸਕਦੇ ਹੋ। ਸੀਵਰੇਜ ਪ੍ਰਣਾਲੀ ਰੈਗੂਲੇਸ਼ਨ ਦੇ ਹੇਠ ਨਿਰਮਿਤ ਕੀਤੀਆਂ ਗਈਆਂ ਮੱਲ-ਜਲ ਦਾ ਨਿਪਟਾਰਾ ਕਰਨ ਵਾਲੀ ਪ੍ਰਣਾਲੀਆਂ ਲਈ, ਇਹ ‘ਜਿਵੇਂ ਨਿਰਮਿਤ ਕੀਤਾ ਗਿਆ’ (‘as-constructed’) ਡਰਾਇੰਗ ਉਸ ਨੂੰ ਲਗਾਉਣ ਵੇਲੇ AP ਵਲੋਂ ਮੁਹੱਈਆ ਕਰਵਾਈ ਜਾਵੇਗੀ।

ਸਾਰੀਆਂ ਮੱਲ-ਜਲ ਦਾ ਨਿਪਟਾਰਾ ਕਰਨ ਵਾਲੀਆਂ ਪ੍ਰਣਾਲੀਆਂ ਨੂੰ ਨਿਰੰਤਰ ਚਲਣ ਵਾਲੇ ਅਤੇ ਉਚਿਤ ਸੰਚਾਲਨ ਅਤੇ ਦੇਖਭਾਲ ਦੀ ਲੋੜ ਹੁੰਦੀ ਹੈ।ਮੱਲ-ਜਲ ਦਾ ਨਿਪਟਾਰਾ ਕਰਨ ਵਾਲੀ ਪ੍ਰਣਾਲੀ ਦੇ ਮਾਲਕ ਨੂੰ ਸਾਲਾਨਾ ਸਰਵਿਸ ਇਕਰਾਰਨਾਮਾ ਸਥਾਪਤ ਕਰਨ ਲਈ ਇੱਕ ਅਧਿਕਾਰ ਪ੍ਰਾਪਤ ਵਿਅਕਤੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਮੱਲ-ਜਲ ਦਾ ਨਿਪਟਾਰਾ ਕਰਨ ਵਾਲੀਆਂ ਪ੍ਰਣਾਲੀਆਂ ਨੂੰ ਆਮਤੌਰ ਤੇ ਉਨਾਂ ਨੂੰ ਵਰਤਣ ਵਾਲੇ ਲੋਕਾਂ ਦੀ ਸੰਖਿਆ ਅਤੇ ਸੀਵਰੇਜ ਫਲੋ ਦੀ ਰੋਜ਼ ਦੀ ਮਾਤਰਾ ਤੇ ਨਿਰਭਰ ਕਰਦੇ ਹੋਏ ਹਰ 2 ਤੋਂ 5 ਸਾਲਾਂ ਬਾਅਦ ਸਰਵਿਸ ਦੀ ਲੋੜ ਹੁੰਦੀ ਹੈ।ਘਰ ਦੇ ਮਾਲਕਾਂ ਨੂੰ ਨਿਗਰਾਨੀ ਅਤੇ ਦੇਖਭਾਲ ਸੰਬੰਧੀ ਖਾਸ ਲੋੜਾਂ ਲਈ AP ਜਾਂ ਮੱਲ-ਜਲ ਦਾ ਨਿਪਟਾਰਾ ਕਰਨ ਵਾਲੀ ਪ੍ਰਣਾਲੀ ਦੀ ਦੇਖਭਾਲ ਸੰਬੰਧੀ ਯੋਜਨਾਵਾਂ ਨਾਲ ਸਲਾਹ ਕਰਨੀ ਚਾਹੀਦੀ ਹੈ।

ਮੱਲ-ਜਲ ਦਾ ਨਿਪਟਾਰਾ ਕਰਨ ਵਾਲੀ ਪ੍ਰਣਾਲੀ ਦੀ ਸਰਵਿਸ ਕਰਨ ਵੇਲੇ ਹੇਠਾਂ ਦਿੱਤੀਆਂ ਚੀਜ਼ਾਂ ਨੂੰ ਧਿਆਨ ਵਿੱਚ ਰੱਖੋ:

- ਦੇਖਭਾਲ ਲਈ ਇੱਕ AP ਦੀ ਸੇਵਾ ਲਓ
- ਸੈਪਟਿਕ ਟੈਂਕ ਵਿੱਚੋਂ ਚਿਕੱੜ ਨੂੰ ਪੱਤਝੜ ਦੀ ਬਜਾਇ ਬਸੰਤ ਰੁਤ ਵਿੱਚ ਹਟਾਓ।ਇਹ ਸਰਦੀ ਦੇ ਠੰਡੇ ਮਹੀਨਿਆਂ ਦੇ ਦੌਰਾਨ ਠੋਸ ਚੀਜ਼ਾਂ ਨੂੰ ਟੈਂਕ ਵਿੱਚ ਛੱਡੇ ਜਾਣ ਨੂੰ ਰੋਕਦਾ ਹੈ
- ਸੈਪਟਿਕ ਟੈਂਕ ਨੂੰ ਰਗੜ ਕੇ ਸਾਫ ਨਾ ਕਰੋ।ਚਿਕੱੜ ਦੀ ਥੋੜੀ ਮਾਤਰਾ ਨੂੰ ਬੈਕਟੀਰੀਆ ਸੰਬੰਧੀ ਗਤੀਵਿਧੀ ਮੁੜ ਕੇ ਸ਼ੁਰੂ ਕਰਨ ਲਈ ਰਹਿਣ ਦਿੱਤਾ ਜਾਣਾ ਚਾਹੀਦਾ ਹੈ

## ਮੈਂ ਆਪਣੀ ਮੱਲ-ਜਲ ਨਿਪਟਾਉਣ ਵਾਲੀ ਪ੍ਰਣਾਲੀ ਦੇ ਨਾਲ ਹੋਣ ਵਾਲੀਆਂ ਸਮੱਸਿਆਵਾਂ ਨੂੰ ਕਿਵੇਂ ਰੋਕ ਸਕਦਾ/ਦੀ ਹਾਂ?

ਮੱਲ-ਜਲ ਦਾ ਨਿਪਟਾਰਾ ਕਰਨ ਵਾਲੀਆਂ ਆਨਸਾਈਟ ਪ੍ਰਣਾਲੀਆਂ ਨੂੰ ਕਈ ਵੱਖ ਵੱਖ ਤਰੀਕਿਆਂ ਦੇ ਨਾਲ ਨੁਕਸਾਨ ਹੋ ਸਕਦਾ ਹੈ।ਇੰਨਾਂ ਵਿੱਚੋਂ ਜ਼ਿਆਦਾਤਰ ਨੂੰ ਹੇਠਾਂ ਦਿੱਤੀ ਸਲਾਹ ਦੀ ਪਾਲਣਾ ਕਰਕੇ ਰੋਕਿਆ ਜਾ ਸਕਦਾ ਹੈ:

- 30 ਮਈ 2005, ਤੋਂ ਬਾਅਦ ਨਿਰਮਿਤ ਪ੍ਰਣਾਲੀਆਂ ਦੇ ਲਈ, ਦੇਖਭਾਲ ਯੋਜਨਾ ਦੀ ਪਾਲਣਾ ਕਰੋ। 2005 ਤੋਂ ਪਹਿਲਾਂ ਨਿਰਮਾਣ ਕੀਤੀਆਂ ਗਈਆਂ ਪ੍ਰਣਾਲੀਆ ਦੇ ਮਾਲਕਾਂ ਨੂੰ ਦੇਖਭਾਲ ਦੀ ਯੋਜਨਾ ਬਣਾਉਣ ਲਈ ਇੱਕ AP ਨੂੰ ਸੰਪਰਕ ਕਰਨਾ ਚਾਹੀਦਾ ਹੈ
- ਅਜਿਹੇ ਖੇਤਰਾਂ ਵਿੱਚ ਜਿਥੇ ਪਾਲਾ ਪ੍ਰਵੇਸ਼ ਕਰਨ ਦੀ ਸਮੱਸਿਆ ਹੈ, ਮੁੱਖ ਪਾਇਪ ਅਤੇ ਵਿਸਰਜਨ ਖੇਤਰ ਨੂੰ ਇੰਸੂਲੇਟ ਕਰੋ।ਤੁਸੀਂ ਸਰਦੀ ਦੇ ਮਹੀਨਿਆਂ ਦੇ ਦੌਰਾਨ ਤੂੜੀ ਦੀ ਗਠੀ ਪਰਤ ਜਾਂ ਸਖਤ ਸਟ੍ਰਾਇਟੋਫੋਮ ਦੇ ਲੰਬੇ ਟੁਕੜੇ ਵਰਤ ਸਕਦੇ ਹੋ।ਸੈਪਟਿਕ ਟੈਂਕ ਅਤੇ ਘਰ ਤੋਂ ਆਉਣ ਵਾਲੇ ਪਾਇਪ ਦੇ ਕਨੈਕਸ਼ਨ ਨੂੰ ਵੀ ਇੰਸੂਲੇਟ ਕਰੋ
- ਬਰਫ ਦੇ ਕਵਰ ਤੋਂ ਅਧਿਕਤਮ ਇੰਸੂਲੇਸ਼ਨ ਨੂੰ ਵਧਾਉਣ ਲਈ ਸਨੋ ਫੈਂਸਾਂ (snow fences) ਵਰਤੋ
- ਜੇ ਵਿਸਰਜਨ ਖੇਤਰ ਵਿੱਚ ਪਾਣੀ ਇਕੱਠਾ ਹੋ ਜਾਂਦਾ ਹੈ, ਤਾਂ ਅਧਿਕਾਰ ਪ੍ਰਾਪਤ ਵਿਅਕਤੀ ਕੋਲੋਂ ਸਲਾਹ ਮੰਗੋ
- ਸਨੋਮੋਬੀਲਾਂ ਸਮੇਤ ਕੋਈ ਵੀ ਵਾਹਨਾਂ ਨੂੰ ਉਥੇ ਚੱਲਣ ਜਾਂ ਪਾਰਕ ਨਾ ਕਰਨ ਦਿਓ ਜਿਥੇ ਮੱਲ-ਜਲ ਦਾ ਨਿਪਟਾਰਾ ਕਰਨ ਵਾਲੀ ਪ੍ਰਣਾਲੀ ਬਣਾਈ ਗਈ ਹੈ
- ਪੇਂਟਾਂ, ਸੌਲਵੈਂਟਾਂ ਜਾਂ ਕਿਸੇ ਵੀ ਕਿਸਮ ਦੇ ਜ਼ਹਰੀਲੇ ਰਸਾਇਣਾਂ ਨੂੰ ਟਾਇਲਟ ਵਿੱਚ ਫਲਸ਼ ਨਾ ਕਰੋ
- ਨਿਪਟਾਰਾ ਕਰਨ ਵਾਲੀ ਆਨਸਾਈਟ ਪ੍ਰਣਾਲੀ ਦੇ ਆਸੇ ਪਾਸੇ ਵੱਡੇ ਪੇੜ ਜਾਂ ਝਾੜੀਆਂ ਨਾ ਲਗਾਓ।ਜੜ੍ਹਾਂ ਨਿਪਟਾਰਾ ਕਰਨ ਵਾਲੇ ਖੇਤਰ ਨੂੰ ਪ੍ਰਭਾਵਤ ਕਰ ਸਕਦੀਆਂ ਹਨ
- ਛੱਤ ਜਾਂ ਘੇਰੇ ਦੀਆਂ ਨਾਲੀਆਂ ਵਿਚਲੇ ਪਾਣੀ ਜਾਂ ਕਿਸੇ ਵੀ ਕਿਸਮ ਦੇ ਸਤਹ ਦੇ ਪਾਣੀ ਦਾ ਨਿਕਾਸ ਗੰਦ-ਮੰਦ ਦਾ ਨਿਪਟਾਰਾ ਕਰਨ ਵਾਲੀ ਆਨਸਾਈਟ ਪ੍ਰਣਾਲੀ ਤੇ ਜਾਂ ਉਸ ਦੇ ਨੇੜੇ ਨਾ ਹੋਣ ਦਿਓ
- ਪ੍ਰਣਾਲੀ ਤੇ ਬਹੁਤ ਜ਼ਿਆਦਾ ਪਾਣੀ ਦੇ ਨਾਲ ਜ਼ਿਆਦਾ ਭਾਰ ਨਾ ਪਾਓ। ਉਦਾਹਰਣ ਲਈ, ਇੱਕ ਵਗਦਾ ਟਾਇਲਟ, ਵਗਦਾ ਨਲਕਾ, ਜਾਂ ਵਿਸਰਜਨ ਖੇਤਰ ਤੇ ਜਾਂ ਉਸ ਦੇ ਨੇੜੇ ਪਾਣੀ ਦੇਣਾ, ਜਾਂ ਇੱਕ ਤੋਂ ਬਾਅਦ ਇੱਕ ਲੌਂਡਰੀ ਦੇ ਕਈ ਸਾਰੇ ਪੰਡ ਧੋਣਾ, ਪ੍ਰਣਾਲੀ ਤੇ ਜ਼ਿਆਦਾ ਭਾਰ ਪਾ ਸਕਦੇ ਹਨ।ਘਰ ਲਈ ਪਾਣੀ ਬਚਾਉਣ ਦੀ ਰਣਨੀਤੀ ਸਥਾਪਤ ਕਰੋ
- ਸਿਗਰੇਟਾਂ ਦੇ ਟੁਕੜਿਆਂ, ਫਿਲਟਰਾਂ, ਸੈਨੇਟਰੀ ਨੈਪਕਿਨਾਂ, ਅਖਬਾਰਾਂ, ਸੁੱਟੇ ਜਾ ਸਕਣ ਵਾਲੇ ਡਾਇਪਰਾਂ, ਕੌਂਡਮਾਂ, ਪੇਪਰ ਟਾਵਲਾਂ, ਵਾਲਾਂ, ਧਾਤ ਜਾਂ ਧਾਤ ਦੀਆਂ ਚੀਜ਼ਾਂ, ਕਾਫੀ ਦੇ ਬਚੇ ਅੰਸ਼ਾਂ, ਚਾਹ ਪੱਤੀ, ਚਰਬੀਆਂ ਜਾਂ ਗਰੀਜ਼ ਨੂੰ ਫਲਸ਼ ਨਾ ਕਰੋ।ਇਹ ਸਾਰੇ ਸੈਪਟਿਕ ਟੈਂਕ ਜਾਂ ਵਿਸਰਜਨ ਖੇਤਰ ਦੀ ਥਾਂ ਨੂੰ ਬੰਦ ਕਰ ਸਕਦੇ ਹਨ
- ਮੱਲ-ਜਲ ਦਾ ਨਿਪਟਾਰਾ ਕਰਨ ਵਾਲੀ ਆਨਸਾਈਟ ਪ੍ਰਣਾਲੀ ਦੀ ਸਮਰਥਾ ਨੂੰ ਵਧਾਏ ਬਿਨਾਂ ਗਾਰਬ੍ਰੇਟਰ (ਕਚਰੇ ਨੂੰ ਬਰੀਕ ਕਰਨ ਵਾਲਾ ਯੰਤਰ) ਨਾ ਲਗਾਓ
- ਸਰਦੀ ਦੇ ਠੰਡੇ ਮਹੀਨਿਆਂ ਦੇ ਦੌਰਾਨ ਪ੍ਰਣਾਲੀ ਨੂੰ ਸਮੇਂ ਦੀਆਂ ਲੰਮੀਆਂ ਮਿਆਦਾਂ ਲਈ ਕੰਮ ਨਾ ਕਰਦਾ ਹੋਇਆ ਨਾ ਛੱਡੋ
- ਵੱਡੇ ਡੰਗਰਾਂ ਨੂੰ ਵਿਸਰਜਨ ਖੇਤਰ ਤੇ ਚਰਨ ਨਾ ਦਿਓ

ਜੇ ਤੁਹਾਡੇ ਮੱਲ-ਜਲ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ ਬਾਰੇ ਜਾਂ ਸਥਾਨਕ ਲੋੜਾਂ ਬਾਰੇ ਕੋਈ ਪ੍ਰਸ਼ਨ ਹਨ, ਤਾਂ www2.gov.bc.ca/gov/content/health/about-bc-s-health-care-system/partners/health-authorities/regional-health-authorities ਤੇ ਵਾਤਾਵਰਨ ਸੰਬੰਧੀ ਆਪਣੇ ਖੇਤਰੀ ਅਧਿਕਾਰੀਆਂ ਨਾਲ ਸੰਪਰਕ ਕਰੋ।